# ਮੱਧ ਪੱਛਮੀ ਇਲਾਕੇ ਵਿੱਚ ਮਨੋਰੰਜਕ ਗਤੀਵਿਧੀਆਂ

ਵਿਕਟੋਰੀਆ ਦੀ ਸਰਕਾਰ ਮੱਧ ਪੱਛਮੀ ਇਲਾਕੇ ਵਿੱਚ 75,000 ਹੈਕਟੇਅਰ ਤੋਂ ਵੱਧ ਨਵੇਂ ਪਾਰਕ ਅਤੇ ਹਰਿਆਲੀ ਵਾਲੇ ਖੇਤਰ ਬਣਾ ਰਹੀ ਹੈ, ਜਿਸ ਵਿੱਚ ਤਿੰਨ ਨਵੇਂ ਰਾਸ਼ਟਰੀ ਪਾਰਕ ਵੀ ਸ਼ਾਮਲ ਹਨ।

## ਮੱਧ ਪੱਛਮ ਵਿੱਚ ਮਨੋਰੰਜਨ ਲਈ ਸਥਾਨ

**ਸਾਡੇ ਕੁਦਰਤੀ ਵਾਤਾਵਰਣ ਅਤੇ ਪ੍ਰਜਾਤੀਆਂ ਦੀ ਸੰਭਾਲ ਕਰਨ ਵਾਲੇ ਵਧੇਰੇ ਖੇਤਰ ਦੇ ਨਾਲ, ਵਸਨੀਕਾਂ ਅਤੇ ਸੈਲਾਨੀਆਂ ਲਈ ਮੱਧ ਪੱਛਮੀ ਵਿਕਟੋਰੀਆ ਵਿੱਚ, ਮਨੋਰੰਜਨ ਦੀਆਂ ਗਤੀਵਿਧੀਆਂ ਦੀ ਇਕ ਵਿਆਪਕ ਲੜੀ ਅਜੇ ਵੀ ਮੌਜੂਦ ਹੈ।**

ਅਸੀਂ ਜੋ ਤਬਦੀਲੀਆਂ ਕਰ ਰਹੇ ਹਾਂ, ਉਹ ਵਿਕਟੋਰੀਆ ਵਾਸੀਆਂ ਨੂੰ ਬਾਹਰ ਦਾ ਸ਼ਾਨਦਾਰ ਅਨੰਦ ਮਾਨਣਾ ਜਾਰੀ ਰੱਖਣ, ਕੁਦਰਤ ਨਾਲ ਜੁੜਨ ਅਤੇ ਮੱਧ ਪੱਛਮੀ ਵਿਕਟੋਰੀਆ ਵਿੱਚ ਉਹਨਾਂ ਗਤੀਵਿਧੀਆਂ ਨੂੰ ਕਰਨ ਦੀ ਆਗਿਆ ਦੇਣਗੀਆਂ ਜਿੰਨ੍ਹਾਂ ਨੂੰ ਉਹ ਪਸੰਦ ਕਰਦੇ ਹਨ:

- ਤਿੰਨ ਨਵੇਂ ਰਾਸ਼ਟਰੀ ਪਾਰਕ
- ਪੰਜ ਨਵੇਂ ਖੇਤਰੀ ਪਾਰਕ, ਅਤੇ ਮੌਜੂਦਾ ਖੇਤਰੀ ਪਾਰਕਾਂ ਵਿੱਚ ਮਹੱਤਵਪੂਰਣ ਵਾਧੇ
- ਨਵੇਂ ਸੁਰੱਖਿਆ ਸੰਭਾਲ ਵਾਲੇ ਪਾਰਕ ਅਤੇ ਹਰਿਆਲੀ ਵਾਲੀਆਂ ਕੁਦਰਤੀ ਜਗ੍ਹਾਵਾਂ, ਅਤੇ
- ਰਾਜ ਦੇ ਜੰਗਲ ਅਤੇ ਹੋਰ ਜਨਤਕ ਜ਼ਮੀਨ ਦੇ ਖੇਤਰ ਬਰਕਰਾਰ ਹਨ

## ਜਨਤਕ ਜ਼ਮੀਨ 'ਤੇ ਗੱਡੀ ਚਲਾਉਣਾ ਅਤੇ ਸਵਾਰੀ ਕਰਨਾ

ਤੁਸੀਂ ਕਾਰ ਰਾਹੀਂ ਸੈਰ ਦਾ ਅਨੰਦ ਲੈਣ ਦੇ ਯੋਗ ਹੋਵੋਗੇ ਜਿਸ ਵਿੱਚ ਚਾਰ-ਪਹੀਆ ਡਰਾਈਵਿੰਗ, ਟਰੇਲ ਬਾਈਕ ਰਾਈਡਿੰਗ, ਮਾਊਂਟੇਨ ਬਾਈਕਿੰਗ ਅਤੇ ਸਾਰੀਆਂ ਬਣੀਆਂ ਹੋਈਆਂ ਸੜਕਾਂ ਉੱਤੇ ਸਾਈਕਲ ਚਲਾਉਣਾ ਅਤੇ ਜਨਤਾ ਲਈ ਖੁੱਲ੍ਹੇ ਟਰੈਕ ਸ਼ਾਮਲ ਹਨ।

ਰਾਸ਼ਟਰੀ ਪਾਰਕਾਂ, ਸੁਰੱਖਿਆ ਸੰਭਾਲ ਪਾਰਕਾਂ, ਖੇਤਰੀ ਪਾਰਕਾਂ ਅਤੇ ਰਾਜ ਦੇ ਜੰਗਲਾਂ ਵਿੱਚ ਦੀ, ਤੁਸੀਂ ਮਾਊਂਟੇਨ ਬਾਈਕ ਰਾਈਡਿੰਗ ਅਤੇ ਸਾਈਕਲ ਚਲਾਉਣ ਦਾ ਹੋਰ ਟਰੈਕਾਂ ਅਤੇ ਰਸਤਿਆਂ ਉੱਤੇ ਅਨੰਦ ਲੈਣ ਦੇ ਯੋਗ ਹੋਵੋਗੇ, ਜਿਵੇਂ ਕਿ ਜ਼ਮੀਨ ਦੇ ਮੈਨੇਜਰ ਦੁਆਰਾ ਨਿਰਧਾਰਤ ਕੀਤਾ ਗਿਆ ਹੈ।

ਡਰਾਈਵਰਾਂ ਅਤੇ ਸਵਾਰਾਂ ਨੂੰ ਲਾਜ਼ਮੀ ਤੌਰ 'ਤੇ ਹਰ ਸਮੇਂ ਨਾਮਜ਼ਦ ਸੜਕਾਂ ਅਤੇ ਟਰੈਕਾਂ 'ਤੇ ਬਣੇ ਰਹਿਣਾ ਚਾਹੀਦਾ ਹੈ, ਅਤੇ ਹੋਰ ਸੜਕ ਅਤੇ ਪਗਡੰਡੀ ਵਰਤਣ ਵਾਲਿਆਂ ਦਾ ਆਦਰ ਕਰਨਾ ਚਾਹੀਦਾ ਹੈ

VICTORIA State Government | Environment, Land, Water and Planning

## ਜੰਗਲ ਦੀ ਸੈਰ ਕਰਨੀ (ਬੁਸ਼ਵਾਕਿੰਗ), ਪਿਕਨਿਕ ਕਰਨੀ, ਕੁਦਰਤ ਨੂੰ ਨਿਹਾਰਨਾ ਅਤੇ ਵਿਰਾਸਤ ਦੀ ਕਦਰ ਕਰਨਾ

ਤੁਸੀਂ ਲਗਭਗ ਸਾਰੀਆਂ ਜਨਤਕ ਜ਼ਮੀਨਾਂ 'ਤੇ ਜੰਗਲ ਦੀ ਸੈਰ ਕਰਨ (ਬੁਸ਼ਵਾਕਿੰਗ), ਪਿਕਨਿਕ ਕਰਨ, ਕੁਦਰਤ ਨੂੰ ਨਿਹਾਰਨ ਅਤੇ ਵਿਰਾਸਤ ਦੀ ਕਦਰ ਕਰਨ ਦਾ ਅਨੰਦ ਲੈਣ ਦੇ ਯੋਗ ਹੋਵੋਗੇ।

## ਜਨਤਕ ਜ਼ਮੀਨ ਉੱਤੇ ਕੈਂਪ ਲਗਾਉਣਾ

ਤੁਸੀਂ ਰਾਜ ਦੇ ਸੰਭਾਲੇ ਹੋਏ ਜੰਗਲ ਦੇ ਖੇਤਰਾਂ ਵਿੱਚ ਕੈਂਪ ਲਗਾਉਣ ਦੇ ਯੋਗ ਹੋਵੋਗੇ।

ਤੁਸੀਂ ਆਮ ਤੌਰ 'ਤੇ ਰਾਸ਼ਟਰੀ ਪਾਰਕਾਂ, ਸੁਰੱਖਿਆ ਸੰਭਾਲ ਪਾਰਕਾਂ, ਅਤੇ ਖੇਤਰੀ ਪਾਰਕਾਂ ਵਿੱਚ, ਨਾਮਜ਼ਦ ਕੈਂਪ-ਗਰਾਉਂਡਾਂ ਅਤੇ ਜ਼ਮੀਨ ਦੇ ਮੈਨੇਜਰ ਦੁਆਰਾ ਨਿਰਧਾਰਤ ਹੋਰ ਖੇਤਰਾਂ ਵਿੱਚ ਕੈਂਪ ਲਗਾਉਣ ਦੇ ਯੋਗ ਹੋਵੋਗੇ।

ਨਵੇਂ ਰਾਸ਼ਟਰੀ ਪਾਰਕਾਂ ਵਿੱਚ ਖਿਲਰੇ ਹੋਏ ਕੈਂਪ ਲਗਾਉਣ ਦੇ ਮੌਕੇ ਹੋਣਗੇ।

ਵਧੇਰੇ ਪਾਰਕਾਂ ਅਤੇ ਹਰਿਆਲੀ ਵਾਲੀਆਂ ਜਗ੍ਹਾਵਾਂ, ਸੈਲਾਨੀਆਂ ਦੀ ਵਧਦੀ ਗਿਣਤੀ ਨੂੰ ਉਤਸ਼ਾਹਤ ਕਰਨਗੀਆਂ, ਅਤੇ ਸਥਾਨਕ ਭਾਈਚਾਰਿਆਂ ਨੂੰ ਆਰਥਿਕ ਲਾਭ ਪਹੁੰਚਾਉਣਗੀਆਂ। ਵਿਕਟੋਰੀਆ ਦੇ ਗ੍ਰੇਟ ਆਊਟਡੋਰਜ਼ ਪ੍ਰੋਗਰਾਮ ਰਾਹੀਂ ਵਰਤਣ ਵਾਲਿਆਂ ਲਈ ਸਹੂਲਤਾਂ ਵਿੱਚ ਸੁਧਾਰ ਕਰਕੇ ਇਸ ਦਾ ਸਮਰਥਨ ਕੀਤਾ ਜਾਵੇਗਾ।

## ਵੈਲਸਫੋਰਡ ਬਲਾਕ

ਵਿਆਪਕ ਕਿਸਮਾਂ ਦੀਆਂ ਮਨੋਰੰਜਕ ਗਤੀਵਿਧੀਆਂ ਦਾ ਸਮਰਥਨ ਕਰਨ ਲਈ ਬੈਂਡੀਗੋ ਖੇਤਰੀ ਪਾਰਕ ਵਿੱਚ 7,000 ਹੈਕਟੇਅਰ ਤੋਂ ਵੱਧ ਦਾ ਵਾਧਾ ਕੀਤਾ ਗਿਆ ਹੈ।

ਇਹਨਾਂ ਵਿੱਚ ਸ਼ਾਮਲ ਹਨ:

- ਜੰਗਲ ਵਿੱਚ ਸੈਰ ਕਰਨੀ (ਬੁਸ਼ਵਾਕਿੰਗ), ਕੁਦਰਤ ਨੂੰ ਨਿਹਾਰਨਾ ਅਤੇ ਪਿਕਨਿਕ ਕਰਨੀ
- ਕੈਂਪ ਲਗਾਉਣਾ
- ਕਾਰ ਰਾਹੀਂ ਸੈਰ, ਜਿਸ ਵਿੱਚ ਚਾਰ-ਪਹੀਆ ਡਰਾਈਵਿੰਗ ਵੀ ਸ਼ਾਮਲ ਹੈ
- ਟਰੇਲ ਬਾਈਕ ਰਾਈਡਿੰਗ
- ਮਾਊਂਟੇਨ ਬਾਈਕਿੰਗ ਅਤੇ ਸਾਈਕਲ ਚਲਾਉਣਾ
- ਬਣੀਆਂ ਸੜਕਾਂ ਅਤੇ ਟਰੈਕਾਂ ਉੱਤੇ ਘੋੜ ਸਵਾਰੀ

- ਕੁੱਤੇ ਨੂੰ ਸੈਰ ਕਰਵਾਉਣਾ (ਕੁੱਤਿਆਂ ਦੀ ਸਲੇਜ ਸਮੇਤ), ਅਤੇ
- ਮਨੋਰੰਜਨ ਲਈ ਖਣਿਜ ਲੱਭਣਾ।

ਜੂਨ 2029 ਤੱਕ ਨਾਮਜ਼ਦ ਜਗ੍ਹਾਵਾਂ ਤੋਂ ਘਰੇਲੂ ਬਾਲਣ ਵਾਲੀ ਕੁਝ ਲੱਕੜ ਇਕੱਠੀ ਕਰਨ ਨੂੰ ਆਗਿਆ ਦਿੱਤੀ ਜਾਵੇਗੀ।

ਮਨੋਰੰਜਕ ਸ਼ਿਕਾਰ ਅਤੇ ਵਪਾਰਕ ਲੱਕੜ ਦੀ ਕਟਾਈ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

## ਵੋਮਬੈਟ-ਮੈਸੀਡਨ ਬਲਾਕ

ਵੋਮਬੈਟ-ਲੇਰਡਰਡਰਗ ਨੈਸ਼ਨਲ ਪਾਰਕ, ਕੋਬਾਵ ਸੁਰੱਖਿਆ ਸੰਭਾਲ ਪਾਰਕ, ਅਤੇ ਹੇਪਬਰਨ ਸੁਰੱਖਿਆ ਸੰਭਾਲ ਪਾਰਕ ਵਿੱਚ, ਤੁਸੀਂ ਨਾਮਜ਼ਦ ਕੈਂਪਗਰਾਊਂਡਾਂ ਅਤੇ ਹੋਰ ਖੇਤਰਾਂ ਵਿੱਚ ਕੈਂਪ ਲਗਾਉਣ ਦੇ ਯੋਗ ਹੋਵੋਗੇ ਜਿਵੇਂ ਕਿ ਜ਼ਮੀਨ ਦੇ ਮੈਨੇਜਰ ਦੁਆਰਾ ਨਿਰਧਾਰਤ ਕੀਤਾ ਗਿਆ ਹੈ।

ਨਿਊ ਬਾਰਕਸਟੈਡ, ਸਪਾਰਗੋ ਕਰੀਕ, ਬਲੈਕਵੁੱਡ ਅਤੇ ਫਿੰਗਰਪੋਸਟ ਖੇਤਰੀ ਪਾਰਕਾਂ, ਅਤੇ ਹੇਪਬਰਨ ਖੇਤਰੀ ਪਾਰਕ ਵਿੱਚਲੇ ਕੀਤੇ ਵਾਧੇ ਵਿੱਚ, ਤੁਸੀਂ ਜ਼ਮੀਨ ਦੇ ਮੈਨੇਜਰ ਦੁਆਰਾ ਨਿਰਧਾਰਤ ਕੀਤੇ ਅਨੁਸਾਰ ਨਾਮਜ਼ਦ ਕੈਂਪਗਰਾਊਂਡਾਂ ਅਤੇ ਹੋਰ ਖੇਤਰਾਂ ਵਿੱਚ ਕੈਂਪ ਲਗਾਉਣ ਦੇ ਯੋਗ ਹੋਵੋਗੇ।

ਵਿਕਟੋਰੀਆ ਦੀ ਸਰਕਾਰ ਵੱਖ-ਵੱਖ ਕੈਂਪਗਰਾਊਂਡਾਂ ਦਾ ਸੁਧਾਰ ਕਰੇਗੀ ਅਤੇ ਵਿਕਟੋਰੀਆ ਦੇ ਗ੍ਰੇਟ ਆਊਟਡੋਰਜ਼ ਪ੍ਰੋਗਰਾਮ ਤੋਂ ਮਾਲੀ ਸਹਾਇਤਾ ਦੇ ਨਾਲ ਇਸ ਖੇਤਰ ਵਿੱਚ ਪ੍ਰੋਜੈਕਟਾਂ ਦੀ ਲੜੀ ਵਿੱਚ ਨਵੀਆਂ ਅਤੇ ਸੁਧਾਰੀਆਂ ਪੈਦਲ ਚੱਲਣ ਵਾਲੀਆਂ ਪਗਡੰਡੀਆਂ ਅਤੇ ਪੈਦਲ ਚੱਲਣ ਦੀਆਂ ਸਹੂਲਤਾਂ ਵਿਕਸਤ ਕਰੇਗੀ।

## ਮਾਊਂਟ ਕੋਲ-ਪਾਇਰੀਨੀਜ਼ ਬਲਾਕ

ਰਾਜ ਦੇ ਜੰਗਲਾਂ ਦੇ ਮਹੱਤਵਪੂਰਣ ਖੇਤਰਾਂ ਨੂੰ ਇਸ ਇਲਾਕੇ ਵਿੱਚ ਬਰਕਰਾਰ ਰੱਖਿਆ ਗਿਆ ਹੈ, ਜਿਸ ਵਿੱਚ ਪਾਇਰੀਨੀਜ਼ (3,099 ਹੈਕਟੇਅਰ) ਅਤੇ ਮਾਊਂਟ ਕੋਲ (5,037 ਹੈਕਟੇਅਰ) ਰਾਜ ਜੰਗਲ ਦੇ ਕੁਝ ਹਿੱਸੇ ਸ਼ਾਮਲ ਹਨ, ਜਿੱਥੇ ਵਿਕਟੋਰੀਆ ਵਾਸੀ ਕੈਂਪ ਲਗਾਉਣ ਸਮੇਤ ਕਈ ਕਿਸਮਾਂ ਦੀਆਂ ਮਨੋਰੰਜਕ ਗਤੀਵਿਧੀਆਂ ਦਾ ਅਨੰਦ ਲੈ ਸਕਦੇ ਹਨ। ਮਾਊਂਟ ਬੁਆਂਗੋਰ ਅਤੇ ਪਾਇਰੀਨੀਜ਼ ਨੈਸ਼ਨਲ ਪਾਰਕਾਂ, ਅਤੇ ਪਾਇਰੀਨੀਜ਼ ਖੇਤਰੀ ਪਾਰਕ ਵਿੱਚ, ਤੁਸੀਂ ਨਾਮਜ਼ਦ ਕੈਂਪ-ਗਰਾਊਂਡਾਂ ਅਤੇ ਜ਼ਮੀਨ ਦੇ ਮੈਨੇਜਰ ਦੁਆਰਾ ਨਿਰਧਾਰਤ ਹੋਰ ਖੇਤਰਾਂ ਵਿੱਚ ਕੈਂਪ ਲਗਾਉਣ ਦੇ ਯੋਗ ਹੋਵੋਗੇ।

ਵਿਕਟੋਰੀਆ ਦੀ ਸਰਕਾਰ, ਮਾਊਂਟ ਕੋਲ ਅਤੇ ਮਾਊਂਟ ਬੁਆਂਗੋਰ ਖੇਤਰਾਂ ਵਿੱਚ ਵੱਖ-ਵੱਖ ਕੈਂਪਗਰਾਊਂਡਾਂ ਦਾ ਸੁਧਾਰ ਕਰੇਗੀ ਜਿਸ ਵਿੱਚ ਪਖਾਨੇ, ਸ਼ੈਲਟਰ, ਅਤੇ ਸੈਲਾਨੀਆਂ ਦੇ ਅਨੰਦ ਨੂੰ ਵਧਾਉਣ ਲਈ ਚਿੰਨ੍ਹ ਸ਼ਾਮਲ ਹਨ। ਇਸ ਨੂੰ ਵਿਕਟੋਰੀਆ ਦੇ ਗ੍ਰੇਟ ਆਊਟਡੋਰਜ਼ ਪ੍ਰੋਗਰਾਮ ਦੇ ਅਧੀਨ ਮਾਲੀ ਸਹਾਇਤਾ ਦਿੱਤੀ ਜਾਵੇਗੀ।

## ਸਾਡੀਆਂ ਜਨਤਕ ਥਾਵਾਂ, ਪਗਡੰਡੀਆਂ, ਅਤੇ ਸੁਵਿਧਾਵਾਂ ਵਿੱਚ ਸੁਧਾਰ ਕਰਨਾ

ਵਿਕਟੋਰੀਆ ਦਾ ਗ੍ਰੇਟ ਆਊਟਡੋਰਜ਼ ਖੇਤਰੀ ਸੈਰ-ਸਪਾਟੇ ਨੂੰ ਹੁਲਾਰਾ ਦੇ ਰਿਹਾ ਹੈ, ਅਤੇ ਵਿਕਟੋਰੀਆ ਵਾਸੀਆਂ ਲਈ ਬਿਹਤਰ ਪੈਦਲ ਚੱਲਣ ਵਾਲੀਆਂ ਪਗਡੰਡੀਆਂ, ਕੈਂਪਗਰਾਊਂਡਾਂ, ਚਾਰ-ਪਹੀਆ ਡਰਾਈਵਿੰਗ ਵਾਲੇ ਟਰੈਕਾਂ ਅਤੇ ਸੈਲਾਨੀਆਂ ਲਈ ਸੁਵਿਧਾਵਾਂ ਵਿੱਚ 105.6 ਮਿਲੀਅਨ ਡਾਲਰ ਦਾ ਨਿਵੇਸ਼ ਕਰਕੇ ਕੁਦਰਤ ਦਾ ਅਨੰਦ ਲੈਣਾ ਆਸਾਨ ਬਣਾ ਰਿਹਾ ਹੈ।

ਵਿਕਟੋਰੀਆ ਦਾ ਗ੍ਰੇਟ ਆਊਟਡੋਰਜ਼ ਬਿਹਤਰ ਪੈਦਲ ਚੱਲਣ ਦੀਆਂ ਪਗਡੰਡੀਆਂ, ਕੈਂਪਗਰਾਊਂਡਾਂ, ਫੋਰ-ਵ੍ਹੀਲ ਡਰਾਈਵ ਟਰੈਕਾਂ ਅਤੇ ਸੈਲਾਨੀਆਂ ਲਈ ਸੁਵਿਧਾਵਾਂ ਬਣਾ ਰਿਹਾ ਹੈ, ਤਾਂ ਜੋ ਸਾਰੇ ਵਿਕਟੋਰੀਆ ਵਾਸੀਆਂ ਲਈ ਸਾਡੇ ਪਾਰਕਾਂ ਦੀ ਪੜਚੋਲ ਕਰਨਾ ਆਸਾਨ ਬਣਾਇਆ ਜਾ ਸਕੇ।

## ਇਹਨਾਂ ਤਬਦੀਲੀਆਂ ਬਾਰੇ

ਇਹ ਤਬਦੀਲੀਆਂ ਵਿਕਟੋਰੀਅਨ ਵਾਤਾਵਰਣ ਮੁਲਾਂਕਣ ਕੌਂਸਲ (VEAC's) ਦੀ ਮੱਧ ਪੱਛਮੀ ਤਫ਼ਤੀਸ਼ ਦੀ ਅਖੀਰਲੀ ਰਿਪੋਰਟ ਅਤੇ ਇਸ ਦੀਆਂ ਸਿਫਾਰਸ਼ਾਂ ਪ੍ਰਤੀ ਵਿਕਟੋਰੀਆ ਸਰਕਾਰ ਦੀ ਪ੍ਰਤੀਕਿਰਿਆ ਨੂੰ ਦਰਸਾਉਂਦੀਆਂ ਹਨ।

ਇਹ ਤਬਦੀਲੀਆਂ ਸਾਡੇ ਕੀਮਤੀ ਵਾਤਾਵਰਣ ਅਤੇ ਜੈਵ-ਵਿਭਿੰਨਤਾ ਦੇ ਵੈਭਵ ਨੂੰ ਸੁਰੱਖਿਅਤ ਰੱਖਦੀਆਂ ਹਨ, ਅਤੇ ਟਿਕਾਊ ਸੰਤੁਲਨ ਕਾਇਮ ਕਰਦੀਆਂ ਹਨ, ਜਿਸ ਦਾ ਉਦੇਸ਼ ਹੁਣ ਅਤੇ ਭਵਿੱਖ ਵਿੱਚ ਸਾਰੇ ਜ਼ਮੀਨੀ ਖਪਤਕਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਹੈ।

ਤੁਸੀਂ ਸਾਡੀ ਵੈੱਬਸਾਈਟ ਉੱਤੇ ਸਰਕਾਰੀ ਪ੍ਰਤੀਕਿਰਿਆ ਵੇਖ ਸਕਦੇ ਹੋ।

ਘਰੇਲੂ ਬਾਲਣ ਵਾਲੀ ਲੱਕੜਾਂ ਦੇ ਇਕੱਠੀਆਂ ਕਰਨਾ ਬਾਰੇ ਵਧੇਰੇ ਜਾਣਕਾਰੀ ਇੱਥੇ ਉਪਲਬਧ ਹੈ https://www.ffm.vic.gov.au/firewood/firewood-collection-in-your-region

ਜੇ ਤੁਹਾਨੂੰ ਸਹਾਇਤਾ ਚਾਹੀਦੀ ਹੈ, ਅਨੁਵਾਦ ਅਤੇ ਦੋਭਾਸ਼ੀਆ ਸੇਵਾ ਵਿੱਚ ਮਦਦ ਲਈ ਕਿਰਪਾ ਕਰਕੇ Translating and Interpreting Service (TIS) ਨੂੰ ਸੰਪਰਕ ਕਰੋ। TIS National ਨੂੰ 131 450 (ਆਸਟ੍ਰੇਲੀਆ ਦੇ ਅੰਦਰ) ਉੱਤੇ ਸੰਪਰਕ ਕਰੋ ਜਾਂ www.tisnational.gov.au ਉੱਤੇ ਜਾਓ